# ਬੱਚਿਆਂ ਦੇ ਟਰੱਸਟ

## ਉਨ੍ਹਾਂ ਟਰੱਸਟਾਂ ਦਾ ਪ੍ਰਬੰਧ ਕਰਨਾ ਜਿੱਥੇ ਲਾਭ-ਪਾਤਰ (ਬੈਨਿਫਿਸ਼ਰੀ) ਨਾਬਾਲਗ ਹੋਵੇ

### ਟਰੱਸਟੀ ਵਾਸਤੇ:

ਤੁਹਾਨੂੰ ਇਹ ਕਿਤਾਬਚਾ ਇਸ ਲਈ ਦਿੱਤਾ ਜਾ ਰਿਹਾ ਹੈ ਕਿਉਂਕਿ ਤੁਹਾਨੂੰ ਕਿਸੇ ਵਸੀਅਤ ਅਨੁਸਾਰ, ਟਰੱਸਟ ਦਸਤਾਵੇਜ਼ ਜਾਂ ਅਦਾਲਤ ਦੇ ਹੁਕਮ ਅਧੀਨ ਬੱਚੇ ਦੇ ਪੈਸੇ ਜਾਂ ਜਾਇਦਾਦ ਦਾ ਟਰੱਸਟੀ ਨਿਯੁਕਤ ਕੀਤਾ ਗਿਆ ਹੈ। ਦੂਜੇ ਸ਼ਬਦਾਂ ਵਿੱਚ ਤੁਹਾਨੂੰ ਕਿਸੇ ਬੱਚੇ ਦੇ ਪੈਸੇ ਜਾਂ ਜਾਇਦਾਦ ਦੀ ਦੇਖਭਾਲ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਤੁਹਾਡੇ ਕੋਲੋਂ ਇਹ ਆਸ ਕੀਤੀ ਜਾਂਦੀ ਹੈ ਕਿ ਤੁਸੀਂ ਬੱਚੇ ਦੇ ਪੈਸੇ ਜਾਂ ਜਾਇਦਾਦ ਦੀ ਦੇਖਭਾਲ ਪੂਰੇ ਧਿਆਨ ਅਤੇ ਇਮਾਨਦਾਰੀ ਨਾਲ ਕਰੋਗੇ। **ਤੁਹਾਡੇ ਲਈ ਜ਼ਰੂਰੀ ਹੈ ਕਿ ਤੁਸੀਂ ਹਮੇਸ਼ਾ ਬੱਚੇ ਦੇ ਹਿੱਤ ਲਈ ਹੀ ਕੰਮ ਕਰੋ।** ਇਸ ਕਿਤਾਬਚੇ ਵਿੱਚ "ਬੱਚੇ" ਤੋਂ ਭਾਵ 19 ਸਾਲ ਦੀ ਉਮਰ ਤੋਂ ਘੱਟ ਵਿਅਕਤੀ ਹੈ।

**ਟਰੱਸਟੀ** ਇਕ ਵਿਅਕਤੀ ਜਾਂ ਕੰਪਨੀ ਹੁੰਦੇ ਹਨ ਜਿਹੜੇ ਕਿਸੇ ਲਾਭ-ਪਾਤਰ (ਬੈਨਿਫਿਸ਼ਰੀ) ਵਾਸਤੇ ਜਾਇਦਾਦ ਸਾਂਭਦੇ ਹਨ। ਟਰੱਸਟੀ ਅਮਾਨਤੀ ਹੁੰਦਾ ਹੈ, ਜਿਸ ਦਾ ਅਰਥ ਹੈ ਕਿ ਉਹ ਕਾਨੂੰਨੀ ਤੌਰ 'ਤੇ ਲਾਭ-ਪਾਤਰ ਦੇ ਫਾਇਦੇ ਵਾਸਤੇ ਕੰਮ ਕਰਨ ਲਈ ਬੱਚਨਬੱਧ ਹੁੰਦਾ ਹੈ। ਟਰੱਸਟੀ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਟਰੱਸਟ ਵਿੱਚਲੀਆਂ ਸ਼ਰਤਾਂ ਅਨੁਸਾਰ ਚੱਲੇ, ਟਰੱਸਟ ਦੀ ਰੱਖਿਆ ਕਰੇ, ਟਰੱਸਟ ਦੀ ਜਾਇਦਾਦ ਦਾ ਸੂਝ ਨਾਲ ਨਿਵੇਸ਼ (ਇਨਵੈਸਟ) ਕਰੇ, ਟਰੱਸਟ ਦੇ ਸਾਰੇ ਲਾਭ-ਪਾਤਰਾਂ ਵਲਾਂ ਬਿਨਾਂ ਪੱਖ-ਪਾਤ ਤੋਂ ਕੰਮ ਕਰੇ, ਟਰੱਸਟੀ ਦੇ ਤੌਰ 'ਤੇ ਅਪਣੇ ਸਾਰੇ ਕੰਮਾਂ ਲਈ ਜਵਾਬਦੇਹ ਹੋਵੇ ਅਤੇ ਲਾਭ-ਪਾਤਰਾਂ ਨੂੰ ਟਰੱਸਟ ਬਾਰੇ ਸਾਰੀ ਜਾਣਕਾਰੀ ਦਿੰਦਾ ਜਾਂ ਦਿੰਦੀ ਰਹੇ। ਟਰੱਸਟੀ ਵਾਸਤੇ ਜ਼ਰੂਰੀ ਹੈ ਕਿ ਉਹ ਆਪਣੇ ਕੰਮਾਂ ਨੂੰ ਕਿਸੇ ਹੋਰ ਤੋਂ ਨਾ ਕਰਵਾਏ, ਆਪਣੇ ਕੰਮ ਤੋਂ ਕਿਸੇ ਕਿਸਮ ਦਾ ਲਾਭ ਪ੍ਰਾਪਤ ਨਾ ਕਰੇ ਅਤੇ ਨਾ ਹੀ ਆਪਣੇ ਆਪ ਨੂੰ ਕਿਸੇ ਅਜਿਹੀ ਸਥਿਤੀ ਵਿੱਚ ਪਾਵੇ ਜਿੱਥੇ ਉਹਦੇ ਹਿੱਤ ਟਰੱਸਟ ਦੇ ਹਿੱਤਾਂ ਨਾਲ ਟੱਕਰ ਖਾਂਦੇ ਹੋਣ। ਟਰੱਸਟੀ ਲਈ ਇਹ ਨਿਹਾਇਤ ਹੀ ਜ਼ਰੂਰੀ ਹੈ ਕਿ ਉਹ ਹਮੇਸ਼ਾ ਲਾਭ-ਪਾਤਰਾਂ ਦੇ ਹਿੱਤ ਵਿੱਚ ਹੀ ਕੰਮ ਕਰੇ।

ਇਸ ਕਿਤਾਬਚੇ ਵਿੱਚਲੀ ਜਾਣਕਾਰੀ ਬ੍ਰਿਟਿਸ਼ ਕੋਲੰਬੀਆ ਦੇ ਪਬਲਿਕ ਗਾਰਡੀਅਨ ਅਤੇ ਟਰੱਸਟੀ ਵਲੋਂ ਦਿੱਤੀ ਗਈ ਹੈ ਜਿਹੜੀ ਉਨ੍ਹਾਂ ਵਿਅਕਤੀਆਂ ਲਈ ਇਕ ਆਮ ਗਾਈਡ ਵਜੋਂ ਹੈ ਜਿਹੜੇ ਕਿਸੇ ਬੱਚੇ ਵਾਸਤੇ ਛੱਡੇ ਗਏ ਪੈਸੇ ਅਤੇ ਜਾਇਦਾਦ ਦੇ ਟਰੱਸਟੀ ਹਨ। ਇਹ ਟਰੱਸਟੀ ਦੀ ਮਦਦ ਵਾਸਤੇ ਤਿਆਰ ਕੀਤੀ ਗਈ ਹੈ ਪਰ **ਇਹ ਵਕੀਲ ਤੋਂ ਮਿਲਣ ਵਾਲੀ ਕਾਨੂੰਨੀ ਸਲਾਹ ਦਾ ਬਦਲ ਨਹੀਂ ਹੈ।** ਪਬਲਿਕ ਗਾਰਡੀਅਨ ਅਤੇ ਟਰੱਸਟੀ ਇਸ ਗੱਲ ਦਾ ਸੁਝਾਅ ਦਿੰਦਾ ਹੈ ਕਿ ਟਰੱਸਟੀ ਬੱਚੇ ਜਾਂ ਟਰੱਸਟ ਵਾਸਤੇ ਫੈਸਲੇ ਕਰਨ ਤੋਂ ਪਹਿਲਾਂ ਵਕੀਲ ਕੋਲੋਂ ਕਾਨੂੰਨੀ ਸਲਾਹ ਮਸ਼ਵਰਾ ਲਵੇ। ਇਹ ਕਿਤਾਬਚਾ ਬ੍ਰਿਟਿਸ਼ ਕੋਲੰਬੀਆ ਵਿੱਚਲੇ ਟਰੱਸਟੀਆਂ ਵਾਸਤੇ ਹੈ। ਕਨੇਡਾ ਦੇ ਹਰ ਸੂਬੇ ਦੇ ਟਰੱਸਟੀਸ਼ਿੱਪ ਅਤੇ ਬੱਚਿਆਂ ਦੇ ਪੈਸੇ ਜਾਂ ਹੋਰ ਜਾਇਦਾਦ ਸਬੰਧੀ ਆਪੋ ਆਪਣੇ ਕਾਨੂੰਨ ਹਨ।

ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਟਰੱਸਟੀ ਕੋਈ ਮਾਪਾ ਹੈ ਜਾਂ ਸਰਪਰੱਸਤ, ਸਾਰੇ ਟਰੱਸਟੀਆਂ ਤੋਂ ਇੱਕੋ ਜਿਹੇ ਮਿਆਰ ਦੀ ਆਸ ਕੀਤੀ ਜਾਂਦੀ ਹੈ। ਭਾਵੇਂ ਇਕ ਵਿਅਕਤੀ ਨੂੰ ਪੈਸਿਆਂ ਜਾਂ ਜਾਇਦਾਦ ਦਾ ਟਰੱਸਟੀ ਨਿਯੁਕਤ ਕੀਤਾ ਜਾ ਸਕਦਾ ਹੈ, ਇਹ ਕਿਤਾਬਚਾ ਆਮ ਤੌਰ 'ਤੇ ਪੈਸਿਆਂ ਨਾਲ ਸਬੰਧਤ ਜਾਣਕਾਰੀ ਹੀ ਦੇਵੇਗਾ।

PUBLIC GUARDIAN
AND TRUSTEE OF
BRITISH COLUMBIA

## ਨਿਵੇਸ਼ ਦੇ ਫੈਸਲੇ ਕਰਨੇ

ਟਰੱਸਟੀ ਦਾ ਪਹਿਲਾ ਕਦਮ ਇਸ ਗੱਲ ਦਾ ਫੈਸਲਾ ਕਰਨਾ ਹੋਵੇਗਾ ਕਿ ਉਹ ਬੱਚੇ ਦੇ ਪੈਸਿਆਂ ਦਾ ਕਿਸ ਤਰ੍ਹਾਂ ਨਿਵੇਸ਼ ਕਰੇ। ਜੇ ਟਰੱਸਟ ਸਥਾਪਤ ਕਰਨ ਵਾਲਾ ਦਸਤਾਵੇਜ਼ ਇਸ ਗੱਲ ਨੂੰ ਵਿਸ਼ੇਸ਼ ਤੌਰ ’ਤੇ ਨਹੀਂ ਦੱਸਦਾ ਕਿ ਬੱਚੇ ਦੇ ਪੈਸੇ ਕਿਸ ਤਰ੍ਹਾਂ ਨਿਵੇਸ਼ ਕੀਤੇ ਜਾਣੇ ਹਨ ਤਾਂ ਟਰੱਸਟੀ ਵਾਸਤੇ ਜ਼ਰੂਰੀ ਹੈ ਕਿ ਉਹ ਬ੍ਰਿਟਿਸ਼ ਕੋਲੰਬੀਆ ਦੇ *ਟਰੱਸਟੀ ਐਕਟ* ਦੇ ਸੈਕਸ਼ਨ 15 ਅਨੁਸਾਰ ਚੱਲੇ। ਟਰੱਸਟੀ ਐਕਟ ਕਹਿੰਦਾ ਹੈ ਕਿ, “ਟਰੱਸਟੀ ਉਸੇ ਕਿਸਮ ਦਾ ਧਿਆਨ, ਜਾਚ, ਉੱਦਮ ਅਤੇ ਫੈਸਲਾ ਕਰੇ ਜਿਸ ਕਿਸਮ ਦਾ ਕੋਈ ਸੂਝਵਾਨ ਨਿਵੇਸ਼ਕਾਰ ਕਰੇਗਾ”।

*ਟਰੱਸਟੀ ਐਕਟ* ਦਾ ਇਕ ਗੈਰ-ਅਧਿਕਾਰਤ (ਅਨਓਫੀਸ਼ੀਅਲ) ਰੂਪਾਂਤਰ (ਵਰਸ਼ਨ) ਇਸ ਸਾਈਟ ’ਤੇ ਦੇਖਿਆ ਜਾ ਸਕਦਾ ਹੈ: http://www.qp.gov.bc.ca/statreg/

ਟਰੱਸਟ ਦੇ ਪੈਸੇ ਨਿਵੇਸ਼ ਕਰਨ ਸਮੇਂ ਟਰੱਸਟੀ ਨੂੰ ਚਾਹੀਦਾ ਹੈ ਕਿ ਉਹ ਕਿਸੇ ਆਰਥਿਕ ਸਲਾਹਕਾਰ (ਫਾਈਨੈਂਸ਼ਿਅਲ ਐਡਵਾਈਜ਼ਰ) ਅਤੇ/ਜਾਂ ਵਕੀਲ ਕੋਲੋਂ ਮਸ਼ਵਰਾ ਲਵੇ। ਬੱਚੇ ਦੀ ਤਰਫੋਂ ਜਿਹੜੇ ਟਰੱਸਟ ਦੇ ਪੈਸੇ ਪਹਿਲਾਂ ਟਰੱਸਟੀ ਨੂੰ ਮਿਲਦੇ ਹਨ ਉਨ੍ਹਾਂ ਨੂੰ ਪੂੰਜੀ (ਕੈਪੀਟਲ) ਕਿਹਾ ਜਾਂਦਾ ਹੈ ਜਦ ਕਿ ਆਮਦਨੀ ਉਹ ਪੈਸੇ ਹੁੰਦੇ ਹਨ ਜਿਹੜੇ ਪੂੰਜੀ ਨੇ ਨਿਵੇਸ਼ ਦੌਰਾਨ ਕਮਾਏ ਹਨ। ਇਸ ਗੱਲ ਦਾ ਨਿਰਨਾ ਕਰਨ ਸਮੇਂ ਕਿ ਕੀ ਨਿਵੇਸ਼ ਦਾ ਫੈਸਲਾ ਸੂਝ ਵਾਲਾ ਹੈ ਕਿ ਨਹੀਂ, ਇਹ ਕੁਝ ਗੱਲਾਂ ਵਿੱਚਾਰੀਆਂ ਜਾ ਸਕਦੀਆਂ ਹਨ:

- ਨਿਵੇਸ਼ ਲਈ ਇਕ ਸੰਤੁਲਨ ਵਾਲੀ ਨੀਤੀ ਅਪਣਾਉਣੀ
- ਪੂੰਜੀ ਦੀ ਰੱਖਿਆ ਕਰਨੀ ਅਤੇ ਆਮਦਨੀ ਪੈਦਾ ਕਰਨੀ
- ਢੁੱਕਵੇਂ ਖਤਰੇ ਅਤੇ ਕਮਾਈ ਦੇ ਨਿਸ਼ਾਨੇ ਚੁਣਨੇ
- ਨਿਵੇਸ਼ ਵਿੱਚ ਵਾਜਬ ਵੱਖਰੇਵੇਂ ਹੋਣੇ
- ਦਲਾਲਾਂ (ਏਜੰਟਾਂ) ਨੂੰ ਜ਼ਿੰਮੇਵਾਰੀ ਸੌਂਪਣ ਸਮੇਂ ਸਾਵਧਾਨੀ ਵਰਤਣੀ (ਉਦਾਹਰਨ ਵਜੋਂ, ਮਿਊਚਲ ਫੰਡ ਦੇ ਮੈਨੇਜਰਾਂ ਨੂੰ)
- ਸਿਰਫ ਵਾਜਬ ਅਤੇ ਢੁੱਕਵੇਂ ਖਰਚੇ ਕਰਨੇ

## ਨਿਵੇਸ਼ ਸਥਾਪਤ ਕਰਨਾ

ਜਦੋਂ ਕੋਈ ਟਰੱਸਟੀ ਬੱਚੇ ਦੇ ਪੈਸੇ ਨਿਵੇਸ਼ ਕਰਦਾ ਹੈ, ਤਾਂ ਟਰੱਸਟੀ ਲਈ ਜ਼ਰੂਰੀ ਹੈ ਕਿ ਉਹ ਇਸ ਗੱਲ ਨੂੰ ਯਕੀਨੀ ਬਣਾਵੇ ਕਿ ਨਿਵੇਸ਼ ਟਰੱਸਟ ਦੇ ਨਾਂਅ ’ਤੇ ਜਾਂ ਟਰੱਸਟ ਦੇ ਲਾਭ-ਪਾਤਰਾਂ ਦੇ ਨਾਂਅ ’ਤੇ ਰਜਿਸਟਰ ਹੋਇਆ ਹੋਵੇ। ਜੇ ਨਿਵੇਸ਼ ਟਰੱਸਟ ਦੇ ਨਾਂ ’ਤੇ ਰਜਿਸਟਰ ਨਾ ਹੋਇਆ ਹੋਵੇ, ਤਾਂ ਇਸ ਨਾਲ ਇਕ ਭੁਲੇਖਾ ਖੜ੍ਹਾ ਹੋ ਸਕਦਾ ਹੈ ਕਿ ਉਹ ਨਿਵੇਸ਼ ਟਰੱਸਟੀ ਦਾ ਆਪਣਾ ਜਾਤੀ ਨਿਵੇਸ਼ ਹੈ।

ਟਰੱਸਟੀ ਦੁਆਰਾ ਟਰੱਸਟ ਵਿੱਚ ਸਾਂਭੇ ਗਏ ਪੈਸੇ ਟਰੱਸਟ ਦੇ ਲਾਭ-ਪਾਤਰ ਦੇ ਹਨ ਟਰੱਸਟੀ ਦੇ ਨਹੀਂ। ਇਕ ਟਰੱਸਟੀ ਟਰੱਸਟ ਦੇ ਪੈਸਿਆਂ ਨੂੰ ਸਾਂਭਦਾ ਅਤੇ ਉਨ੍ਹਾਂ ਦੀ ਰੱਖਿਆ ਕਰਦਾ ਹੈ ਅਤੇ, ਜੇ ਟਰੱਸਟ ਦੀਆਂ ਸ਼ਰਤਾਂ ਵਿੱਚ ਅਧਿਕਾਰ ਦਿੱਤਾ ਗਿਆ ਹੋਵੇ ਤਾਂ ਉਹ ਪੈਸੇ ਸਿਰਫ ਲਾਭ-ਪਾਤਰ (ਬੱਚੇ) ਦੇ ਫਾਇਦੇ ਲਈ ਹੀ ਵਰਤਦਾ ਹੈ।

ਟਰੱਸਟੀ ਟਰੱਸਟ ਦੇ ਪੈਸਿਆਂ ਤੋਂ ਕੋਈ ਵੀ ਜਾਤੀ ਫਾਇਦਾ ਨਹੀਂ ਲੈ ਸਕਦਾ। ਟਰੱਸਟ ਦੇ ਪੈਸੇ ਨਾ ਤਾਂ ਟਰੱਸਟੀ ਆਪ ਉਧਾਰ ਲੈ ਸਕਦਾ ਹੈ ਅਤੇ ਨਾ ਹੀ ਕਿਸੇ ਹੋਰ ਨੂੰ ਦੇ ਸਕਦਾ ਹੈ।

ਕੋਈ ਵੀ ਵੱਡੀ ਬੈਂਕ, ਕਰੈਡਿੱਟ ਯੂਨੀਅਨ ਜਾਂ ਟਰੱਸਟ ਕੰਪਨੀ ਟਰੱਸਟੀ ਦੀ ਖਾਤਾ ਖੋਲ੍ਹਣ ਵਿੱਚ ਮਦਦ ਕਰ ਸਕਦੀ ਹੈ।

## ਬੱਚੇ ਦੇ ਟਰੱਸਟ ਦੇ ਪੈਸੇ ਟਰੱਸਟੀ ਦੇ ਆਪਣੇ ਪੈਸਿਆਂ ਨਾਲੋਂ ਵੱਖ ਰੱਖਣ ਦਾ ਫਰਜ਼

ਟਰੱਸਟੀ ਲਈ ਜ਼ਰੂਰੀ ਹੈ ਕਿ ਉਹ ਆਪਣੇ ਜਾਤੀ ਪੈਸੇ ਟਰੱਸਟ ਦੇ ਪੈਸਿਆਂ ਨਾਲ ਰਲ਼ਣ ਨਾ ਦੇਵੇ। ਟਰੱਸਟ ਦੇ ਪੈਸੇ ਕਿਸੇ ਵੀ ਹਾਲਤ ਵਿੱਚ ਟਰੱਸਟੀ ਦੇ ਜਾਤੀ ਖਾਤੇ ਵਿੱਚ ਨਹੀਂ ਰੱਖੇ ਜਾਣੇ ਚਾਹੀਦੇ, ਜਾਂ ਕਿਸੇ ਐਸੇ ਖਾਤੇ ਵਿੱਚ ਨਹੀਂ ਰੱਖੇ ਜਾਣੇ ਚਾਹੀਦੇ ਜਿਹੜਾ ਲਾਭ-ਪਾਤਰ (ਬੱਚਾ) ਦੇ ਨਾਲ ਸਾਂਝਾ ਖਾਤਾ ਹੋਵੇ। ਟਰੱਸਟ ਦੇ ਖਾਤੇ ’ਤੇ ਟਰੱਸਟੀ ਤੋਂ ਬਿਨ੍ਹਾਂ ਕਿਸੇ ਵੀ ਹੋਰ ਵਿਅਕਤੀ ਨੂੰ ਦਸਤਖਤ ਕਰਨ ਦਾ ਅਧਿਕਾਰ ਪ੍ਰਾਪਤ ਨਹੀਂ ਹੋਣਾ ਚਾਹੀਦਾ।

## ਖਰਚੇ ਬਾਰੇ ਫੈਸਲੇ ਕਰਨੇ

ਵਸੀਅਤ, ਟਰੱਸਟ ਦਾ ਦਸਤਾਵੇਜ਼, ਜਾਂ ਅਦਾਲਤ ਦਾ ਹੁਕਮ ਟਰੱਸਟੀ ਨੂੰ ਟਰੱਸਟ ਦੇ ਪੈਸਿਆਂ ਵਿੱਚੋਂ ਬੱਚੇ ਵਾਸਤੇ ਮਰਜ਼ੀ ਨਾਲ ਖਰਚ ਕਰਨ ਦਾ ਹੱਕ ਦੇ ਸਕਦਾ ਹੈ ਜਾਂ ਟਰੱਸਟ ਦੀ ਮਿਆਦ ਖਤਮ ਹੋਣ ਤੋਂ ਪਹਿਲਾਂ ਟਰੱਸਟ ਦੇ ਸਾਰੇ ਜਾਂ ਕੁਝ ਪੈਸੇ ਬੱਚੇ ਵਾਸਤੇ ਕੱਢਣ (ਰਿਲੀਜ਼ ਕਰਨ) ਦੇ ਸਕਦਾ ਹੈ। ਵਸੀਅਤ, ਟਰੱਸਟ ਦਾ ਦਸਤਾਵੇਜ਼, ਜਾਂ ਅਦਾਲਤ ਦਾ ਹੁਕਮ ਇਸ ਗੱਲ ਨੂੰ ਵਿਸ਼ੇਸ਼ ਤੌਰ ’ਤੇ ਦੱਸੇਗਾ ਕਿ ਟਰੱਸਟੀ ਕੋਲ ਆਮਦਨੀ ਜਾਂ ਕੈਪੀਟਲ ਜਾਂ ਦੋਵਾਂ ਨੂੰ ਕੱਢਣ ਦਾ ਅਧਿਕਾਰ ਹੈ ਜਾਂ ਨਹੀਂ। ਟਰੱਸਟੀ ਨੂੰ ਇਸ ਗੱਲ ਦੀ ਆਗਿਆ ਨਹੀਂ ਹੈ ਕਿ ਉਹ ਖਰਚੇ ਬਾਰੇ ਫੈਸਲੇ ਕਰਨ ਦਾ ਆਪਣਾ ਅਖਤਿਆਰ ਕਿਸੇ ਹੋਰ ਨੂੰ ਦੇ ਦੇਵੇ। ਜੇ ਕਿਸੇ ਟਰੱਸਟੀ ਨੂੰ ਇਸ ਗੱਲ ਦਾ ਪੱਕਾ ਪਤਾ ਨਹੀਂ ਕਿ ਉਸ ਕੋਲ ਟਰੱਸਟ ਵਿੱਚੋਂ ਕੋਈ ਪੈਸੇ ਰਿਲੀਜ਼ ਕਰਨ ਦਾ ਹੱਕ ਹੈ ਜਾਂ ਨਹੀਂ ਜਾਂ ਆਪਣੇ ਅਧਿਕਾਰ ਦੀ ਸੀਮਾ ਬਾਰੇ ਪੱਕਾ ਪਤਾ ਨਹੀਂ ਤਾਂ ਟਰੱਸਟੀ ਨੂੰ ਚਾਹੀਦਾ ਹੈ ਕਿ ਉਹ ਆਪਣੇ ਵਕੀਲ ਨਾਲ ਮਸ਼ਵਰਾ ਕਰੇ।

## ਖਰਚੇ ਕਿਸ ਤਰ੍ਹਾਂ ਕੀਤੇ ਜਾਂਦੇ ਹਨ

ਜਿੱਥੇ ਵਸੀਅਤ, ਟਰੱਸਟ ਦਾ ਦਸਤਾਵੇਜ਼, ਜਾਂ ਅਦਾਲਤ ਦਾ ਹੁਕਮ ਟਰੱਸਟੀ ਨੂੰ ਇਹ ਅਧਿਕਾਰ ਦਿੰਦਾ ਹੈ ਕਿ ਉਹ ਪੈਸਿਆਂ ਦਾ ਕੁਝ ਹਿੱਸਾ ਜਾਂ ਸਾਰੇ ਪੈਸੇ ਕੱਢਵਾ ਸਕੇ, ਅਤੇ ਟਰੱਸਟੀ ਨੇ ਕੁਝ ਪੈਸੇ ਕੱਢਵਾਉਣ ਦੇ ਆਪਣੇ ਅਖਤਿਆਰ ਦੀ ਵਰਤੋਂ ਕੀਤੀ ਹੈ ਅਤੇ ਪੈਸੇ ਕੱਢਵਾਏ ਹਨ ਤਾਂ ਟਰੱਸਟੀ ਕੋਲੋਂ ਆਮ ਤੌਰ ’ਤੇ ਇਸ ਗੱਲ ਦੀ ਮੰਗ ਕੀਤੀ ਜਾਂਦੀ ਹੈ ਕਿ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਪੈਸੇ ਉਸੇ ਮਕਸਦ ਲਈ ਵਰਤੇ ਜਾਣ ਜਿਨ੍ਹਾਂ ਲਈ ਟਰੱਸਟੀ ਨੂੰ ਵਰਤਣ ਦਾ ਅਧਿਕਾਰ ਹੈ।

ਕਈ ਵਾਰ ਵਸੀਅਤ, ਟਰੱਸਟ ਦਾ ਦਸਤਾਵੇਜ, ਜਾਂ ਅਦਾਲਤ ਦਾ ਹੁਕਮ ਟਰੱਸਟੀ ਨੂੰ ਇਸ ਗੱਲ ਦਾ ਅਧਿਕਾਰ ਦੇਵੇਗਾ ਕਿ ਕੁਝ ਪੈਸੇ ਬੱਚੇ ਦੇ ਮਾਪਿਆਂ ਜਾਂ ਸਰਪਰੱਸਤ ਨੂੰ ਹਿਦਾਇਤਾਂ ਸਣੇ ਦੇਵੇ ਕਿ ਉਨ੍ਹਾਂ ਪੈਸਿਆਂ ਨੂੰ ਕਿਸ ਤਰ੍ਹਾਂ ਵਰਤਣਾ ਹੈ।

ਜੇ ਟਰੱਸਟੀ ਵਲੋਂ ਅਢੁੱਕਵੇਂ ਜਾਂ ਬਿਨਾਂ ਅਧਿਕਾਰ ਤੋਂ ਪੈਸੇ ਰਿਲੀਜ਼ ਕੀਤੇ ਜਾਣ ਕਾਰਨ ਟਰੱਸਟ ਦੇ ਪੈਸਿਆਂ ਜਾਂ ਜਾਇਦਾਦ ਦਾ ਕੋਈ ਨੁਕਸਾਨ ਹੋ ਜਾਵੇ ਤਾਂ ਟਰੱਸਟੀ ਇਸ ਗੱਲ ਲਈ ਜਾਤੀ ਤੌਰ 'ਤੇ ਜ਼ਿੰਮੇਵਾਰ ਹੋਵੇਗਾ/ਹੋਵੇਗੀ। ਜੇ ਟਰੱਸਟੀ ਨੂੰ ਪੈਸੇ ਰਿਲੀਜ਼ ਕਰਨ ਸਬੰਧੀ ਕਿਸੇ ਕਿਸਮ ਦੀ ਸ਼ੱਕ ਹੋਵੇ ਤਾਂ ਵਕੀਲ ਕੋਲੋਂ ਮਸ਼ਵਰਾ ਲੈਣਾ ਚਾਹੀਦਾ ਹੈ।

## ਰੀਕਾਰਡ ਰੱਖਣੇ ਅਤੇ ਜਵਾਬਦੇਹੀ

ਟਰੱਸਟ ਦੇ ਪੈਸਿਆਂ ਦੀ ਦੇਖਭਾਲ (ਮੈਨੇਜਮੈਂਟ) ਕਰਨ ਵਾਸਤੇ ਟਰੱਸਟੀ ਜਵਾਬਦੇਹ ਹੁੰਦਾ ਹੈ। ਟਰੱਸਟੀ ਵਾਸਤੇ ਜ਼ਰੂਰੀ ਹੈ ਕਿ ਉਹ ਟਰੱਸਟ ਦੇ ਪੈਸਿਆਂ ਨਾਲ ਸਬੰਧਤ ਸਾਰੇ ਅਦਾਨ ਪ੍ਰਦਾਨ ਦਾ ਰੀਕਾਰਡ ਰੱਖੇ। ਟਰੱਸਟੀ ਲਈ ਜ਼ਰੂਰੀ ਹੈ ਕਿ ਉਹ ਉਨ੍ਹਾਂ ਸਾਰੀਆਂ ਸਟੇਟਮੈਂਟਾਂ ਨੂੰ ਸਾਂਭ ਕੇ ਰੱਖੇ ਜੋ ਟਰੱਸਟ ਦੇ ਪੈਸਿਆਂ ਤੋਂ ਹੋਈ ਆਮਦਨੀ ਬਾਰੇ ਦਸਦੀਆਂ ਹੋਣ, ਨਾਲ ਹੀ ਟਰੱਸਟ ਦੀ ਪੂੰਜੀ ਜਾਂ ਆਮਦਨੀ ਵਿੱਚੋਂ ਹੋਏ ਸਾਰੇ ਖਰਚਿਆਂ ਦੇ ਰੀਕਾਰਡ ਵੀ ਰੱਖੇ।

ਜੇ ਵਸੀਅਤ, ਟਰੱਸਟ ਦੇ ਦਸਤਾਵੇਜ਼, ਜਾਂ ਅਦਾਲਤ ਦੇ ਹੁਕਮ ਵਿੱਚ ਕੋਈ ਵੱਖਰੀ ਹਿਦਾਇਤ ਨਾ ਦਿੱਤੀ ਗਈ ਹੋਵੇ ਤਾਂ ਟਰੱਸਟੀ ਤੋਂ ਇਹ ਮੰਗ ਕੀਤੀ ਜਾਂਦੀ ਹੈ ਕਿ ਉਹ *ਟਰੱਸਟੀ ਐਕਟ* ਦੇ ਸੈਕਸ਼ਨ 99 ਅਨੁਸਾਰ ਹਿਸਾਬ ਰੱਖੇ।

*ਟਰੱਸਟੀ ਐਕਟ* ਦਾ ਸੈਕਸ਼ਨ 99 ਟਰੱਸਟੀ ਤੋਂ ਜਾਂ ਪ੍ਰਬੰਧਕ (ਐਗਜ਼ੈਕਟਰ) ਤੋਂ ਇਸ ਗੱਲ ਦੀ ਮੰਗ ਕਰਦਾ ਹੈ ਕਿ ਉਹ ਵਸੀਅਤ ਅਧੀਨ ਆਪਣੇ ਹਿਸਾਬ ਕਿਤਾਬ ਦੇ ਪਹਿਲੇ ਖਾਤਿਆਂ ਨੂੰ "ਖਾਤਿਆਂ ਨੂੰ ਪਾਸ ਕਰਵਾਉਣ" ਲਈ ਅਦਾਲਤ ਨੂੰ ਦਿਖਾਵੇ ਉਸ ਤਰੀਕ ਦੇ ਦੋ ਸਾਲਾਂ ਦੇ ਵਿੱਚ ਵਿੱਚ ਜਦੋਂ ਵਸੀਅਤ-ਪ੍ਰਮਾਣ (ਪ੍ਰੋਬੇਟ) ਜ਼ਾਰੀ ਕੀਤਾ ਗਿਆ ਹੋਵੇ ਅਤੇ ਆਪਣੇ ਅਗਾਂਹ ਵਾਲੇ ਖਾਤੇ ਵੀ ਅਦਾਲਤ ਦੇ ਆਦੇਸ਼ਾਂ ਅਨੁਸਾਰ ਪਾਸ ਕਰਵਾਏ। ਜਿਹੜੇ ਟਰੱਸਟੀ ਵਸੀਅਤ ਤੋਂ ਬਿਨਾਂ ਨਿਯੁਕਤ ਕੀਤੇ ਗਏ ਹੋਣ ਉਨ੍ਹਾਂ ਨੂੰ ਖਾਤਿਆਂ ਸਬੰਧੀ ਵਕੀਲ ਨਾਲ ਮਸ਼ਵਰਾ ਕਰਨਾ ਚਾਹੀਦਾ ਹੈ।

ਆਮ ਹਾਲਤਾਂ ਵਿੱਚ , ਟਰੱਸਟੀ ਬੱਚੇ ਦੇ ਮਾਪਿਆਂ ਜਾਂ ਸਰਪਰੱਸਤਾਂ ਨੂੰ ਸਮੇਂ ਸਮੇਂ ਖਾਤੇ ਦੀਆਂ ਨਕਲਾਂ ਦੇ ਸਕਦਾ ਹੈ ਤਾਂਕਿ ਮਾਪੇ ਅਤੇ ਸਰਪਰੱਸਤ ਇਸ ਗੱਲ ਦੀ ਤਸੱਲੀ ਮਹਿਸੂਸ ਕਰਨ ਕਿ ਉਨ੍ਹਾਂ ਦੇ ਬੱਚੇ ਦੇ ਹਿੱਤ ਚੰਗੀ ਤਰ੍ਹਾਂ ਸੁਰੱਖਿਅਤ ਹਨ। ਮਾਪਿਆਂ ਜਾਂ ਸਰਪਰੱਸਤਾਂ ਨਾਲ ਖਾਤਿਆਂ ਬਾਰੇ ਜਾਣਕਾਰੀ ਸਾਂਝੀ ਕਰਨ ਨਾਲ ਬੱਚੇ ਨੂੰ ਟਰੱਸਟ ਦੇ ਖਾਤਮੇ 'ਤੇ ਪੈਸੇ ਜਾਂ ਜਾਇਦਾਦ ਹਾਸਲ ਕਰਨ ਲਈ ਤਿਆਰ ਕਰਨ ਵਿੱਚ ਸਹਾਇਤਾ ਮਿਲ ਸਕਦੀ ਹੈ। ਜੇ ਮਾਪਾ ਜਾਂ ਸਰਪਰੱਸਤ ਟਰੱਸਟੀ ਹੈ ਤਾਂ ਉਨ੍ਹਾਂ ਨੂੰ ਖਾਤੇ ਦੀ ਜਾਣਕਾਰੀ ਕਿਸੇ ਤੀਜੀ ਧਿਰ ਨਾਲ ਸਾਂਝੀ ਕਰਨ ਦੀ ਲੋੜ ਨਹੀਂ ਪਰ ਪੂਰੇ ਵਿਸਥਾਰ ਨਾਲ ਰੀਕਾਰਡ ਅਤੇ ਖਾਤੇ ਦੀ ਜਾਣਕਾਰੀ ਰੱਖੀ ਜਾਣੀ ਜ਼ਰੂਰੀ ਹੈ। ਜੇ ਕੋਈ ਵਿਅਕਤੀ, ਸਣੇ ਲਾਭ-ਪਾਤਰ (ਬੱਚੇ) ਦੇ ਇਸ ਗੱਲ ਦੀ ਸ਼ੱਕ ਕਰੇ ਕਿ ਟਰੱਸਟੀ ਟਰੱਸਟ ਦੇ ਪੈਸਿਆਂ ਦੀ ਦੇਖਭਾਲ ਕਾਨੂੰਨ ਅਨੁਸਾਰ ਨਹੀਂ ਕਰ ਰਿਹਾ/ਰਹੀ, ਤਾਂ ਉਹ ਪਬਲਿਕ ਗਾਰਡੀਅਨ ਅਤੇ ਟਰੱਸਟੀ ਨੂੰ ਫੋਨ, ਫੈਕਸ ਜਾਂ ਈਮੇਲ ਰਾਹੀਂ ਸੰਪਰਕ ਕਰ ਸਕਦਾ/ਸਕਦੀ ਹੈ। ਪਬਲਿਕ ਗਾਰਡੀਅਨ ਅਤੇ ਟਰੱਸਟੀ ਇਸ ਬਾਰੇ ਛਾਣਬੀਣ ਕਰ ਸਕਦਾ ਹੈ ਅਤੇ ਟਰੱਸਟੀ ਤੋਂ ਇਹ ਮੰਗ ਕਰ ਸਕਦਾ ਹੈ ਉਹ ਆਪਣਾ ਖਾਤਾ ਪਬਲਿਕ ਗਾਰਡੀਅਨ ਅਤੇ ਟਰੱਸਟੀ ਨੂੰ ਦਿਖਾਵੇ।

## ਟਰੱਸਟ ਦਾ ਖਾਤਮਾ

ਇਹ ਜ਼ਰੂਰੀ ਹੈ ਕਿ ਟਰੱਸਟੀ ਵਸੀਅਤ, ਟਰੱਸਟ ਦਾ ਦਸਤਾਵੇਜ਼, ਜਾਂ ਅਦਾਲਤ ਦੇ ਹੁਕਮ ਵਿੱਚ ਅੰਕਿਤ ਕੀਤੀ ਗਈ ਮਿਆਦ ਤੱਕ ਟਰੱਸਟ ਦੇ ਪੈਸਿਆਂ ਨੂੰ ਸਾਂਭੀ ਰੱਖੇ। ਟਰੱਸਟੀ ਬੱਚੇ ਨੂੰ ਜਾਂ ਬੱਚੇ ਦੇ ਮਾਪਿਆਂ ਜਾਂ ਸਰਪਰੱਸਤ ਨੂੰ ਪੈਸੇ ਦੇ ਕੇ ਟਰੱਸਟ ਨੂੰ ਮਿਆਦ ਤੋਂ ਪਹਿਲਾਂ ਖਤਮ ਨਹੀਂ ਕਰ ਸਕਦਾ। ਜੇ ਇਹ ਗੱਲ ਵਸੀਅਤ ਜਾਂ ਟਰੱਸਟ ਦਸਤਾਵੇਜ਼ ਵਿੱਚ ਅੰਕਿਤ ਨਹੀਂ ਤਾਂ ਟਰੱਸਟੀ ਆਪਣੀ ਥਾਂ ਕਿਸੇ ਹੋਰ ਨੂੰ ਟਰੱਸਟੀ ਨਿਯੁਕਤ ਨਹੀਂ ਕਰ ਸਕਦਾ।

ਜੇ ਕੋਈ ਟਰੱਸਟੀ ਆਪਣੇ ਟਰੱਸਟੀ ਦੇ ਕੰਮ ਨੂੰ ਚਾਲੂ ਨਾ ਰੱਖ ਸਕੇ ਤਾਂ ਉਹ ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ਨੂੰ ਹੋਰ ਟਰੱਸਟੀ ਨਿਯੁਕਤ ਕਰਨ ਦੇ ਆਰਡਰ ਵਾਸਤੇ ਬੇਨਤੀ ਕਰ ਸਕਦਾ/ਸਕਦੀ ਹੈ। ਜੇ ਕੋਈ ਇਹੋ ਜਿਹੇ ਗੰਭੀਰ ਕਾਰਨ ਹੋਣ ਕਿ ਟਰੱਸਟੀ ਨੂੰ ਟਰੱਸਟ ਦੀ ਮਿਆਦ ਖਤਮ ਹੋਣ ਤੋਂ ਪਹਿਲਾਂ ਹੀ ਟਰੱਸਟੀ ਤੋਂ ਹਟਾਇਆ ਜਾਣਾ ਚਾਹੀਦਾ ਹੋਵੇ ਤਾਂ ਟਰੱਸਟੀ ਨੂੰ ਚਾਹੀਦਾ ਹੈ ਕਿ ਵਕੀਲ ਨਾਲ ਮਸ਼ਵਰਾ ਕਰੇ।

ਟਰੱਸਟ ਦੇ ਖਾਤਮੇ ’ਤੇ, ਟਰੱਸਟੀ ਵਲੋਂ ਲਾਭ-ਪਾਤਰ ਨੂੰ ਪੈਸੇ ਦੇਣ ਤੋਂ ਪਹਿਲਾਂ ਜ਼ਰੂਰੀ ਹੈ ਕਿ ਟਰੱਸਟੀ ਆਖਰੀ ਹਿਸਾਬ ਕਿਤਾਬ ਲਾਭ-ਪਾਤਰ ਨੂੰ ਦੇਵੇ ਅਤੇ ਲਾਭ-ਪਾਤਰ ਨੂੰ ਕਹੇ ਕਿ ਉਸ ਵਲੋਂ ਕੀਤੇ ਹਿਸਾਬ ਨੂੰ ਸਹਿਮਤੀ ਦੇਵੇ ਅਤੇ ਟਰੱਸਟੀ ਨੂੰ ਫਰਜ਼ ਤੋਂ ਰਿਲੀਜ਼ ਕਰੇ। ਟਰੱਸਟੀ ਲਾਭ-ਪਾਤਰ ਨੂੰ ਦਿੱਤੇ ਪੈਸਿਆਂ ਦੀ ਲਾਭ-ਪਾਤਰ ਤੋਂ ਰਸੀਦ ਪ੍ਰਾਪਤ ਕਰੇ।

ਕਾਨੂੰਨੀ ਸਲਾਹ ਮਸ਼ਵਰਾ ਲੈਣ ਵਾਸਤੇ, ਲਾਇਅਰ ਰੈਫਰਲ ਸਰਵਿਸ ਨਾਲ 604-687-3221 ਜਾਂ 1-800-663-1919 (ਲੋਅਰ ਮੇਨਲੈਂਡ ਤੋਂ ਬਾਹਰੋਂ ਟੋਲ ਫਰੀ) ’ਤੇ ਸੰਪਰਕ ਕਰੋ।

ਇਸ ਕਿਤਾਬਚੇ ਦੀਆਂ ਕਾਪੀਆਂ ਪਬਲਿਕ ਗਾਰਡੀਅਨ ਐਂਡ ਟਰੱਸਟੀ ਦੀ ਵੈੱਬਸਾਈਟ ’ਤੇ ਉੱਪਲੱਬਧ ਹਨ:
www.trustee.bc.ca/reports_publications/index.htm


**ਵੈਨਕੂਵਰ ਵਿੱਚਲਾ ਦਫਤਰ**
700 - 808 West Hastings St.
Vancouver, BC V6C 3L3
ਫੋਨ: 604.660.4444
ਫੈਕਸ: 604.660.0374

**ਵੈਨਕੂਵਰ ਆਈਲੈਂਡ ਵਿੱਚਲਾ ਦਫਤਰ**
4th Floor - 1019 Wharf St.
Victoria, BC V8W 9J2
ਫੋਨ: 250.356.8160
ਫੈਕਸ: 250.356.7442

**ਇੰਟੀਰੀਅਰ ਨੌਰਥ ਵਿੱਚਲਾ ਦਫਤਰ**
1345 St. Paul St.
Kelowna, BC V1Y 2E2
ਫੋਨ: 250.712.7576
ਫੈਕਸ: 250.712.7578


PUBLIC GUARDIAN AND TRUSTEE OF BRITISH COLUMBIA